ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਿਡ

ਵਲੋਂ

ਨਿਗਰਾਨ ਇੰਜੀ:/ ਪ੍ਰਸੋਨਲ,
ਪੱਕਾ ਕਰਨ ਭਾਗ,ਪਟਿਆਲਾ।

ਵੱਲ

1. ਸਮੂਹ ਇੰਜੀ:ਇਨ:ਚੀਫ,/ ਮੁੱਖ ਇੰਜੀਨੀਅਰਜ਼ ।
2. ਸਾਰੇ ਨਿਗਰਾਨ ਇੰਜੀਨੀਅਰਜ਼ /

ਅਤਿ-ਜਰੂਰੀ

3. ਸਾਰੇ ਸੀਨੀਅਰ ਕਾ.ਕਾ.ਇੰਜੀ./ਕਾ.ਕਾ.ਇੰਜੀ. ਅਧੀਨ ਪਸਪਕਾਲਿ ਅਤੇ ਟਰਾਂਸਕੋ ਸਮੇਤ ਬੀ.ਬੀ.ਐਮ.ਬੀ. ਯੂ.ਟੀ. ਅਤੇ ਹਾਈਡਲ ਪ੍ਰਸ਼ਾਸ਼ਨ ,

ਮੀਮੋ ਨੰ: 302/600 / ਐਸ.ਐਲ.ਟੀ.3/ਜੇਈ.ਸ/ਸ/5 /05 ਵਾ:1
ਮਿਤੀ: 11-1-12

ਵਿਸ਼ਾ:- ਜੇ.ਈ. ਸਬ-ਸਟੇਸਨ ( ਐਸ.ਐਸ.ਓ.) ਕਰਮਚਾਰੀਆਂ ਦੀ ਟੈਨਟੇਟਿਵ ਸੀਨੀ. ਸੂਚੀ ਸਮਾਂ 1.1.03 ਤੋਂ 31.12.05 ਤੱਕ ਤਿਆਰ ਕਰਨ ਬਾਬਤ ਅਤੇ ਹੁਣ ਸਮਾਂ 1.1.03 ਤੋਂ 30.6.11 ਤੱਕ ਤਿਆਰ ਕਰਨ ਬਾਬਤ।

ਹਵਾਲਾ:- ਇਸ ਦਫਤਰ ਦਾ ਪੱਤਰ ਨੰ:19126/19711/ਐਸ.ਐਲ.ਟੀ.3/ਜੇ.ਈ. ਸ/ਸ /5/05 ਵਾ:1 ਮਿਤੀ 6.9.05.

ਜੇ.ਈ.ਸਬ-ਸਟੇਸਨ (ਐਸ.ਐਸ.ਓ.) ਕਰਮਚਾਰੀਆਂ ਦੀ ਟੈਨਟੇਟਿਵ ਸੀਨੀਆਰਤਾ ਸੂਚੀ ਸਮਾਂ 1.1.95 ਤੋਂ 31.12.02 ਤੱਕ ਖੇਤਰੀ ਦਫਤਰਾਂ ਵਿੱਚ ਘੁਮਾਈ ਗਈ ਸੀ । ਹਵਾਲੇ ਅਧੀਨ ਪੱਤਰ ਰਾਹੀਂ ਸਮਾਂ 1.1.03ਤੋਂ 31.12.05 ਤੱਕ ਟੈਨਟੇਟਿਵ ਸੀਨੀਆਰਤਾ ਸੂਚੀ ਬਣਾਉਣ ਲਈ ਸੇਵਾ/ਵੇਰਵਿਆਂ ਦੀ ਮੰਗ ਕੀਤੀ ਗਈ ਸੀ, ਪਰ ਹੁਣ ਉੱਚ-ਅਧਿਕਾਰੀਆਂ ਨੇ ਚਾਹਿਆ ਹੈ ਕਿ ਇਹ ਸਮਾਂ ਵਧਾ ਕੇ 1.1.03 ਤੋਂ 30.6.11 ਤੱਕ ਕੀਤਾ ਜਾਵੇ।ਹੁਣ ਜੇ.ਈ.) ਸਬ-ਸਟੇਸ਼ਨ (ਐਸ.ਐਸ.ਓ.) ਕਰਮਚਾਰੀਆਂ ਦੀ ਟੈਨਟੇਟਿਵ ਸੀਨੀ.ਸੂਚੀ ਸਮਾਂ 1.1.03ਤੋਂ 30.6.11 ਤੱਕ ਤਿਆਰ ਕਰਨੀ ਹੈ। ਇਸ ਲਈ ਆਪ ਜੀਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪ ਦੇ ਪ੍ਰਸ਼ਾਸ਼ਨ ਅਧੀਨ ਕੰਮ ਕਰ ਰਹੇ ਸਾਰੇ ਜੇ.ਈ.ਸਬ-ਸਟੇਸਨ (ਐਸ.ਐਸ.ਓ.) ਕਰਮਚਾਰੀਆਂ ਦੇ ਪੂਰੇ ਸੇਵਾ-ਵੇਰਵੇ ਉਨਾਂ ਦੀਆਂ ਸੇਵਾ-ਪੱਤਰੀਆਂ ਤੋਂ ਤਸਦੀਕ ਕਰਕੇ ਹੇਠਾਂ ਦਰਸਾਏ ਪ੍ਰੋਫਾਰਮੇ ਤੇ ਸਮੇਤ ਦਫਤਰੀ ਹੁਕਮਾਂ ਦੇ ਜਿੰਨਾਂ ਰਾਹੀਂ ਉਹ ਹੇਠਲੇ ਰੈਂਕ ਤੋਂ ਜੇ.ਈ. ਪਦ-ਉਨਤ ਹੋਏ ਹਨ, ਤੁਰੰਤ ਭੇਜੇ ਜਾਣ ਜੀ:-

1. ਕਰਮਚਾਰੀ ਦਾ ਨਾਮ / ਅਹੁਦਾ
2. ਪਿਤਾ ਦਾ ਨਾ ।
3. ਜਨਮ ਮਿਤੀ
4. ਬੋਰਡ ਹੁਣ ਪਸਪਕਾਲਿ ਵਿੱਚ ਮੁੱਢਲੀ ਅਸਾਮੀਂ ਤੇ ਰੈਗੂਲਰ ਭਰਤੀ ਦੀ ਮਿਤੀ ।
5. ਮੌਜੂਦਾ ਅਸਾਮੀ ਤੇ ਹਾਜਰ ਹੋਣ ਦੀ ਮਿਤੀ ।
6 ਬਤੌਰ ਐਸ.ਐਸ.ਏ. ਸੀਨੀ.ਸੂਚੀ ਵਿੱਚ ਸੀਨੀ.ਨੰਬਰ।
7. ਕਰਮਚਾਰੀ ਅ:ਜ:/ ਪ:ਸ਼੍ਰੇ: ਨਾਲ ਸਬੰਧ ਹੋਣ ਕਾਰਨ ਬੋਰਡ ਵਿੱਚ ਮੁਢਲੀ ਅਸਾਮੀਂ ਤੇ ਭਰਤੀ ਹੋਣ ਵੇਲੇ ਪੇਸ਼ ਕੀਤੇ ਗਏ ਸਰਟੀਫੀਕੇਟ ਦੀ ਤਸਦੀਕਸ਼ੁਦਾ ਕਾਪੀ ਭੇਜੀ ਜਾਵੇ ਜੀ!

ਨੋਟ:-ਇਹ ਤਸਦੀਕ ਕੀਤਾ ਜਾਵੇ ਕਿ ਆਪ ਜੀ ਦੇ ਪ੍ਰਸਾਸਨ ਅਧੀਨ ਕੰਮ ਕਰਦੇ ਸਾਰੇ ਕਰਮਚਾਰੀਆਂ ਦੇ ਪੂਰੇ ਸੇਵਾ-ਵੇਰਵੇ ਉਕਤ ਪ੍ਰੋਫਾਰਮੇਂ ਮੁਤਾਬਿਕ ਸੇਵਾਪੱਤਰੀ ਨਾਲ ਮੇਲ ਖਾਂਦੇ ਹਨ ਅਤੇ ਕਿਸੇ ਵੀ ਕਰਮਚਾਰੀ ਦੇ ਸੇਵਾ-ਵੇਰਵੇ ਭੇਜਣ ਤੋਂ ਨਹੀਂ ਰਹਿੰਦੇ । ਜਿੰਨਾਂ ਕਰਮਚਾਰੀਆਂ ਦੇ ਸੇਵਾ-ਵੇਰਵੇ ਸੀਨੀ.ਸੂਚੀ ਤਿਆਰ ਕਰਨ ਸਮੇਂ ਪ੍ਰਾਪਤ ਨਹੀਂ ਹੋਣਗੇ, ਉਨਾਂ ਨੂੰ ਸੀਨੀ.ਪ੍ਰਦਾਨ ਨਹੀਂ ਕੀਤੀ ਜਾਵੇਗੀ। ਜਿਸ ਲਈ ਆਪ ਜੀ ਦਾ ਦਫਤਰ ਖੁਦ ਜਿੰਮੇਵਾਰ ਹੋਵੇਗਾ ।

ਅਧੀਨ ਸਕੱਤਰ/ਸੇਕ-ਸੀ,
ਵਾ: ਉਪ-ਮੁੱਖ/ਇੰਜੀ:/ਪ੍ਰਸੋਨਲ,
ਪਸਪਕਾਲਿ,ਪਟਿਆਲਾ ।

ਪਿੱਠ ਅੰਕਣ ਨੰ: / ਐਸ.ਐਲ.ਟੀ.3/ਜੇਈ.ਸ/ਸ/5 /05 ਵਾ:1 ਮਿਤੀ:

ਉਤਾਰਾ ਉਪ-ਸਕੱਤਰ / ਭਰਤੀ ਭਾਗ, ਪਟਿਆਲਾ ਅਤੇ ਅਧੀਨ ਸਕੱਤਰ / ਜ਼ੋਨ-ਟੀ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਅਧੀਨ ਸਕੱਤਰ/ਸੇਕ-ਸੀ,
ਵਾ: ਉਪ-ਮੁੱਖ/ਇੰਜੀ:/ਪ੍ਰਸੋਨਲ,
ਪਸਪਕਾਲਿ,ਪਟਿਆਲਾ ।